Roll No..................................

PUNJABI DEPARTMENT
University of Delhi
Ph.D. Course Work in Punjabi
Paper No – I
(Research Methodology)
(May 2017)

Time : 3 Hours | Max. Marks : 100

ਨੋਟ : ਸਾਰੇ ਪ੍ਰਸ਼ਨਾਂ ਦੇ ਜਵਾਬ ਦੇਣੇ ਲਾਜ਼ਮੀ ਹਨ।

1. ਖੋਜ-ਪੇਪਰ ਲਿਖਣ ਲਈ ਵਿਗਿਆਨਕ ਵਿਧੀ ਦੀ ਸਾਰਥਕਤਾ ਬਾਰੇ ਵਿਸਤ੍ਰਿਤ ਨੋਟ ਲਿਖੋ।

ਜਾਂ

ਖੋਜ ਨੂੰ ਪਰਿਭਾਸ਼ਤ ਕਰਦਿਆਂ ਇਸ ਦੇ ਸਰੂਪ, ਪ੍ਰਕਾਰਜ ਅਤੇ ਮਹੱਤਵ ਬਾਰੇ ਸਮੀਖਿਆਤਕ ਨੋਟ ਲਿਖੋ। 20

2. ਸਾਹਿਤ ਸੰਰਚਨਾ ਦੇ ਭਾਸ਼ਾ-ਵਿਗਿਆਨਕ ਆਧਾਰ ਬਾਰੇ ਵਿਸਤ੍ਰਿਤ ਨੋਟ ਲਿਖੋ।

ਜਾਂ

ਤੁਲਨਾਤਮਕ ਅਧਿਐਨ ਵਿਧੀ ਦੀ ਖੋਜ ਪਖੋਂ ਕੀ ਸਾਰਥਕਤਾ ਹੈ, ਦਲੀਲਾਂ ਨਾਲ ਸਪਸ਼ਟ ਕਰੋ। 20

3. ਇੰਟਰਨੈੱਟ ਰਾਹੀਂ ਉਪਲਬਧ ਖੋਜ ਸਰੋਤਾਂ ਬਾਰੇ ਜਾਣਕਾਰੀ ਦਿਉ।

ਜਾਂ

ਖੋਜ-ਰਿਪੋਰਟ ਤਿਆਰ ਕਰਨ ਲਈ ਕਿਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ, ਚਰਚਾ ਕਰੋ। 20

4. ਖੋਜ-ਪ੍ਰਬੰਧ ਦੇ ਜਮਾ ਕਰਾਉਣ ਤੋਂ ਪਹਿਲਾਂ ਪੜ੍ਹੇ ਜਾਣ ਵਾਲੇ ਸੈਮੀਨਾਰ ਪੇਪਰ ਦੀ ਰੂਪਰੇਖਾ ਬਾਰੇ ਜਾਣਕਾਰੀ ਦਿਉ।

ਜਾਂ

ਖੋਜ ਦੀ ਤਕਨੀਕ ਬਾਰੇ ਵਿਸਤ੍ਰਿਤ ਨੋਟ ਲਿਖੋ। 20

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ : 5X4 = 20

i) ਕੀ ਦਸਤਾਵੇਜ਼ੀ ਫਿਲਮਾਂ ਖੋਜ ਸਰੋਤ ਹੋ ਸਕਦੀਆਂ ਹਨ, ਟਿੱਪਣੀ ਕਰੋ।
ii) ਗਿਣਾਤਮਕ ਅਤੇ ਗੁਣਾਤਮਕ ਖੋਜ ਵਿਚ ਕੀ ਫਰਕ ਹੈ, ਸਪਸ਼ਟ ਕਰੋ।
iii) ਨਿਗਮਨਾਤਮਕ ਖੋਜ ਵਿਧੀ ਤੋਂ ਕੀ ਭਾਵ ਹੈ, ਸਪੱਸ਼ਟ ਕਰੋ।
iv) ਪੈਰ ਟਿੱਪਣੀ ਤੇ ਹਵਾਲੇ ਤਿਆਰ ਕਰਨ ਦੀ ਵਿਧੀ ਕੀ ਹੈ?
v) ਇਤਿਹਾਸਕ ਖੋਜ-ਵਿਧੀ ਉਪਰ ਟਿੱਪਣੀ ਕਰੋ।

Scanned with CamScanner

Roll No-----------------

Department of Punjabi
University of Delhi

Course : Ph.D. Course Work in Punjabi
Subject : Punjabi
Paper : II (Punjabi Language, Literature and Culture: Criticism and Meta Criticism)
Option : I- Bhasha Vigyaan te Punjabi Bhasha
(May-2017)

Time Allowed:3 hours Maximum Marks:100

ਨੋਟ: ਇਸ ਪ੍ਰਸ਼ਨ ਪੱਤਰ ਦੇ ਦੋ ਭਾਗ ਹਨ, ਭਾਗ ਪਹਿਲੇ ਵਿਚੋਂ ਚਾਰ ਪ੍ਰਸ਼ਨ ਕਰਨੇ ਲਾਜ਼ਮੀ ਹਨ। ਜਦਕਿ ਭਾਗ ਦੂਜਾ ਦੇ ਸਾਰੇ ਪ੍ਰਸ਼ਨ ਸੰਖੇਪ ਰੂਪ ਵਿੱਚ ਕਰਨੇ ਲਾਜ਼ਮੀ ਹਨ।

ਭਾਗ-ਪਹਿਲਾ

1. ਭਾਸ਼ਾ ਵਿਗਿਆਨ ਦੇ ਸਿਧਾਂਤਕ ਆਧਾਰਾਂ ਉਪਰ ਵਿਸਤਾਰਮਈ ਟਿੱਪਣੀ ਕਰੋ।

ਜਾਂ 20

ਭਾਸ਼ਾ ਵਿਗਿਆਨ ਦੀ ਭਾਰਤੀ ਤੇ ਪੱਛਮੀ ਪਰੰਪਰਾ ਬਾਰੇ ਆਪਣੇ ਵਿਚਾਰ ਪੇਸ਼ ਕਰੋ।

2. ਪਾਣਿਨੀ ਨੇ ਸੰਸਕ੍ਰਿਤ ਭਾਸ਼ਾ ਨੂੰ ਸਿਧਾਂਤਕ ਆਧਾਰ ਉਪਰ ਸੂਤਰੀਕਰਨ ਦੀ ਲੜੀ ਵਿਚ ਕਿਵੇਂ ਪਰੋਇਆ ਸਪਸ਼ਟ ਕਰੋ?

ਜਾਂ 20

ਚੌਮਸਕੀ ਦੁਆਰਾ ਪੇਸ਼ ਭਾਸ਼ਾਈ ਮਾਡਲਾਂ ਨੂੰ ਕੀ ਦੁਨੀਆ ਦੀ ਹਰੇਕ ਭਾਸ਼ਾ ਉਪਰ ਲਾਗੂ ਕਰਨਾ ਸੰਭਵ ਹੈ? ਚਰਚਾ ਕਰੋ।

3. ਪੰਜਾਬੀ ਭਾਸ਼ਾ ਦੀ ਇਤਿਹਾਸਕਾਰੀ ਦੇ ਮਸਲਿਆਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ

ਜਾਂ 20

ਪੰਜਾਬੀ ਭਾਸ਼ਾ ਦੀ ਵਾਕ ਸੰਰਚਨਾ ਬਾਰੇ ਵਿਸਤਾਰ ਵਿਚ ਜਾਣਕਾਰੀ ਦਿਓ।

4. ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਸਰੂਪ ਬਾਰੇ ਆਪਣੇ ਵਿਚਾਰ ਪੇਸ਼ ਕਰੋ।

ਜਾਂ 20

ਪੰਜਾਬੀ ਸਾਹਿਤ ਦੇ ਆਧੁਨਿਕ ਕਵੀ ਪ੍ਰੋ. ਮੋਹਨ ਸਿੰਘ ਦੀ ਕਾਵਿਕ ਭਾਸ਼ਾ ਦਾ ਵਿਸ਼ਲੇਸ਼ਣ ਕਰੋ।

ਭਾਗ ਦੂਜਾ

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਰੂਪ ਵਿੱਚ ਉਤਰ ਦਿਓ।

ੳ. ਸੋਸਿਊਰ ਦੇ ਭਾਸ਼ਾਈ ਮਾਡਲ ਬਾਰੇ ਟਿੱਪਣੀ ਕਰੋ।

ਅ. ਭਾਸ਼ਾ ਵਿਗਿਆਨ ਦੇ ਇਤਿਹਾਸਕ ਪਿਛੋਕੜ ਉਪਰ ਟਿੱਪਣੀ ਕਰੋ।

ੲ. ਪੰਜਾਬੀ ਭਾਸ਼ਾ ਦੇ ਵਾਕੰਸ਼ ਪ੍ਰਬੰਧ ਬਾਰੇ ਜਾਣਕਾਰੀ ਦਿਓ।

ਸ. ਵਿਆਕਰਨਕ ਸ਼੍ਰੇਣੀਆਂ ਤੇ ਵਿਆਕਰਨਕ ਇਕਾਈਆਂ ਵਿਚਲਾ ਅੰਤਰ ਸਪਸ਼ਟ ਕਰੋ।

ਹ. ਕਿਸੇ ਸਾਹਿਤਕ ਕਿਰਤ ਦਾ ਭਾਸ਼ਾਈ ਅਧਿਐਨ ਕਰਨ ਦੇ ਆਧਾਰਾਂ ਬਾਰੇ ਜਾਣਕਾਰੀ ਦਿਓ।

5X4=20

Scanned with CamScanner

Department of Punjabi

University of Delhi

Subject: Punjabi

Course: Ph. D. Course Work in Punjabi

MAY 2017

Paper: II (Punjabi Language, Literature and Culture : Criticism and Meta Criticism)

Option: II Lokdhara Shastar ate Punjabi Literature

Time Allowed: 3 hours

Maximum Marks : 100

ਨੋਟ : ਸਾਰੇ ਪ੍ਰਸ਼ਨ ਲਾਜ਼ਮੀ ਹਨ ।ਹਰੇਕ ਪ੍ਰਸ਼ਨ ਦੇ 20 ਅੰਕ ਹਨ।

1. ਪੰਜਾਬੀ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਸਾਲ 1900 ਤੋਂ 1990 ਤੱਕ ਹੋਏ ਖੋਜ ਕਾਰਜ ਬਾਰੇ ਵਿਸਤ੍ਰਿਤ ਨੋਟ ਲਿਖੋ ।

ਜਾਂ

ਪਿਛਲੇ ਦੋ ਦਹਾਕਿਆਂ ਦੌਰਾਨ ਲੋਕਧਾਰਾ ਅਧਿਐਨ ਦੇ ਖੇਤਰ ਵਿਚ ਗਿਣਾਤਮਕ ਅਤੇ ਗੁਣਾਤਮਕ ਪੱਧਰ 'ਤੇ ਵਾਪਰੀ ਤਬਦੀਲੀ ਨੂੰ ਚਰਚਾ ਦਾ ਵਿਸ਼ਾ ਬਣਾਓ ।

2. ਪੰਜਾਬੀ ਲੋਕਧਾਰਾ ਅਧਿਐਨ ਦੇ ਸੰਕਲਨ ਅਤੇ ਸੰਪਾਦਨ ਦੀਆਂ ਵਿਧੀਆਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।

ਜਾਂ

ਲੋਕਧਾਰਾ ਦੇ ਅਧਿਐਨ ਲਈ ਮਨੋਵਿਸ਼ਲੇਸ਼ਣੀ ਵਿਧੀ ਦੀ ਸਾਰਥਕਤਾ ਬਾਰੇ ਵਿਸਤਾਰਮਈ ਟਿੱਪਣੀ ਕਰੋ।

3. ਲੋਕ ਧਰਮ ਦੇ ਗਿਆਨ ਸ਼ਾਸਤਰੀ ਅਧਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਓ।

ਜਾਂ

ਆਧੁਨਿਕਤਾ ਅਤੇ ਲੋਕਧਾਰਾ ਦੇ ਪਰਸਪਰ ਸੰਬੰਧਾਂ ਬਾਰੇ ਚਰਚਾ ਕਰਦੇ ਹੋਏ ਇਹ ਸਪਸ਼ਟ ਕਰੋ ਕਿ ਆਧੁਨਿਕਤਾ ਦੇ ਦੌਰ ਵਿਚ ਲੋਕਧਾਰਾਈ ਅਧਿਐਨ ਕਿਵੇਂ ਪ੍ਰਭਾਵਿਤ ਹੁੰਦਾ ਹੈ ?

4. ਮੱਧਕਾਲੀ ਪੰਜਾਬੀ ਸਾਹਿਤ ਵਿਚ ਮਿਲਦੇ ਲੋਕਧਾਰਾਈ ਰੂਪਾਂਤਰਣ ਦੇ ਵੇਰਵਿਆਂ ਬਾਰੇ ਚਰਚਾ ਕਰੋ।

ਜਾਂ

ਕੀ ਪੰਜਾਬੀ ਮੀਡੀਆ ਵਿਚ ਲੋਕਧਾਰਾ ਦਾ ਰੂਪਾਂਤਰਣ ਹੋ ਰਿਹਾ ਹੈ ? ਆਪਣੇ ਉਤਰ ਦੀ ਪੁਸ਼ਟੀ ਲਈ ਦਲੀਲਾਂ ਦਿਓ।

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉਤਰ ਦਿਓ ।

1. ਅਜ਼ਾਦੀ ਤੋਂ ਪਹਿਲਾਂ ਹੋਏ ਕੋਈ ਚਾਰ ਲੋਕਧਾਰਾ ਸ਼ਾਸਤਰੀਆਂ ਦੇ ਨਾਂ ਲਿਖੋ।
2. ਪੰਜਾਬੀ ਲੋਕਗੀਤਾਂ ਦੀਆਂ ਸੰਪਾਦਿਤ ਕੋਈ ਚਾਰ ਪੁਸਤਕਾਂ ਦੇ ਨਾਂ ਲਿਖੋ।
3. ਟੋਟਮ ਅਤੇ ਟੈਬੂ ਤੋਂ ਕੀ ਭਾਵ ਹੈ ?
4. ਲੋਕ ਚਕਿਤਸਾ ਦੀਆਂ ਕੋਈ ਚਾਰ ਉਦਾਹਰਣਾਂ ਦਿਓ।
5. ਆਧੁਨਿਕ ਸਾਹਿਤ ਵਿਚ ਹੋਏ ਲੋਕਧਾਰਾਈ ਰੂਪਾਂਤਰਣ ਦੀਆਂ ਕੋਈ ਚਾਰ ਉਦਾਹਰਣਾਂ ਦਿਓ।

Scanned with CamScanner

Roll no:______

Department of Punjabi
University of Delhi
Ph.D. Course Work in Punjabi
Paper-optional :-Punjabi Natak te Media
May-2017

Time : 3 Hrs M.M:100

ਨੋਟ ਸਾਰੇ ਪ੍ਰਸ਼ਨਾਂ ਦੇ ਜਵਾਬ ਦੇਣੇ ਲਾਜ਼ਮੀ ਹਨ। ਹਰ ਪ੍ਰਸ਼ਨ ਦੇ 20 ਅੰਕ ਹਨ।

1. ਪੰਜਾਬੀ ਨਾਟ-ਆਲੋਚਨਾ ਦੇ ਖੇਤਰ ਵਿਚ ਹੁਣ ਤੱਕ ਹੋਏ ਕਾਰਜ ਦਾ ਸੰਖੇਪ ਸਰਵੇਖਣ ਪੇਸ਼ ਕਰੋ?

ਜਾਂ

ਇੱਕੀਵੀਂ ਸਦੀ ਦਾ ਪੰਜਾਬੀ ਨਾਟਕ ਵਰਤਮਾਨ ਅਤੇ ਅਤੀਤ ਦਰਮਿਆਨ ਸੰਵਾਦ ਰਚਾਉਂਦਾ ਹੈ। ਚਰਚਾ ਕਰੋ?

2. ਮੀਡੀਆ ਦੇ ਅਧਿਐਨ ਲਈ ਚਿਹਨ ਵਿਗਿਆਨਕ ਵਿਧੀ ਦੀ ਸਾਰਥਿਕਤਾ ਬਾਰੇ ਵਿਸਤ੍ਰਿਤ ਨੋਟ ਲਿਖੋ?

ਜਾਂ

ਮਨੋ-ਵਿਗਿਆਨਕ ਵਿਸ਼ਲੇਸ਼ਣਾਤਮਕ ਵਿਧੀ ਮੀਡੀਆ ਅਧਿਐਨ ਲਈ ਕਿਵੇਂ ਢੁਕਵੀਂ ਹੋ ਸਕਦੀ ਹੈ। ਚਰਚਾ ਕਰੋ?

3. ਪੰਜਾਬੀ ਸੰਗੀਤ ਦਾ ਸੰਚਾਰ ਕਰਨ ਵਿਚ ਮੀਡੀਆ ਦੀ ਭੂਮਿਕਾ ਨਿਸਚਤ ਕਰੋ?

ਜਾਂ

ਮੀਡੀਆ ਨੇ ਆਮ ਆਦਮੀ ਨੂੰ ਉਪਯੋਗੀ ਕਠਪੁਤਲੀ ਵਿਚ ਤਬਦੀਲ ਕੀਤਾ ਹੈ। ਚਰਚਾ ਕਰੋ?

4. ਕਥਾ ਦੇ ਨਾਟਕੀ ਰੂਪਾਂਤਰਨ ਤੋਂ ਕੀ ਭਾਵ ਹੈ? ਪੰਜਾਬੀ ਰੂਪਾਂਤਰਤ ਨਾਟਕਾਂ ਦੇ ਪ੍ਰਸੰਗ ਵਿਚ ਚਰਚਾ ਕਰੋ?

ਜਾਂ

ਨਾਟ-ਮੰਚ ਅਤੇ ਮੀਡੀਆ ਵਿਚਕਾਰ ਅੰਤਰ ਸੰਵਾਦ ਕਿਥੋਂ ਤੱਕ ਸੰਭਵ ਹੈ। ਚਰਚਾ ਕਰੋ?

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉਤਰ ਦਿਓ।

    1. ਇਪਟਾ ਨਾਟਕ ਲਹਿਰ ਕਿਸ ਮਨੋਰਥ ਨਾਲ ਸ਼ੁਰੂ ਹੋਈ ਸੀ?
    2. ਫ਼ਿਲਮ ਨਿਰਮਾਣ ਵਿਚ ਸੰਪਾਦਕ ਦੀ ਕੀ ਭੂਮਿਕਾ ਹੁੰਦੀ ਹੈ?
    3. ਸੋਸ਼ਲ ਮੀਡੀਆ ਵਿਚ ਵਰਤੀ ਜਾ ਰਹੀ ਪੰਜਾਬੀ ਭਾਸ਼ਾ ਬਾਰੇ ਸੰਖੇਪ ਨੋਟ ਲਿਖੋ?
    4. ਪੰਜਾਬੀ ਗੀਤ ਵੀਡੀਓ ਦੀ ਵਰਤਮਾਨ ਸਥਿਤੀ ਬਾਰੇ ਸੰਖੇਪ ਨੋਟ ਲਿਖੋ?
    5. ਸੋਸ਼ਲ ਮੀਡੀਆ ਨੇ ਲੇਖਕ / ਫੋਟੋਗ੍ਰਾਫਰ/ ਪੱਤਰਕਾਰ/ ਨਿਰਦੇਸ਼ਕ ਅਤੇ ਪਾਠਕ/ ਦਰਸ਼ਕ ਵਿਚਲਾ ਫਰਕ ਮਿਟਾ ਦਿਤਾ ਹੈ। ਸੰਖੇਪ ਚਰਚਾ ਕਰੋ?

Scanned with CamScanner